# ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ

ਮਨੁੱਖਤਾ ਨੂੰ ਭਰਮਾਂ ਵਹਿਮਾਂ ਵਿਚੋਂ ਬਾਹਰ ਕੱਢਣ ਲਈ ਗੁਰੂ ਨਾਨਕ ਸਾਹਿਬ ਨੇ ਇਕ ਨਿਰਾਲਾ ਧਰਮ ਚਲਾਇਆ ਅਤੇ ਅਣਖ ਨਾਲ ਜੀਵਨ ਬਤੀਤ ਕਰਨਾ ਸਿਖਾਇਆ, ਸਾਂਝੀਵਾਲਤਾ ਦਾ ਸੰਦੇਸ਼ਾਂ ਪੂਰੀ ਖਲਕਤ ਵਿਚ ਪਹੁੰਚਾਇਆ, "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ"

ਇਕ ਨੀਵੀਂ ਜਾਤ ਵਾਲੇ ਮੁਸਲਮਾਨ ਭਾਈ ਮਰਦਾਨੇ ਨੂੰ ਨਾਲ ਲੈ ਕੇ ਲੋਕਾਂ ਨੂੰ ਆਪਣੇ ਜੀਵਨ ਦਾ ਮੰਤਵ ਸਮਝਾਇਆ। ਆਪਣੀ ਹਉਮੈ ਨੂੰ ਕਾਬੂ ਕਰਕੇ ਸਬਰ ਸੰਤੋਖ ਵਾਲ ਜੀਵਨ ਬਤੀਤ ਕਰਨਾ ਸਿਖਾਇਆ। ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਸਾਹਿਬ ਦੇ ਚਲਾਏ ਗਏ ਇਸ ਕਾਰਜ ਨੂੰ ਖ਼ਾਲਸਾ ਪੰਥ ਦੀ ਸਾਜਨਾ ਕਰਕੇ ਸੰਪੂਰਨ ਕੀਤਾ। ਕਈ ਹਿੰਦੂ ਤੇ ਮੁਸਲਮਾਨ ਗੁਰੂ ਸਾਹਿਬ ਦੀ ਸਾਜੀ ਖ਼ਾਲਸਾ ਫੌਜ ਵਿਚ ਸ਼ਾਮਲ ਹੋਏ ਤੇ ਜੁਲਮ ਦਾ ਮੁਕਾਬਲਾ ਕੀਤਾ। ਭਾਈ ਘਨਈਆ ਵਰਗੇ ਯੁੱਧ ਦੇ ਦੌਰਾਨ ਵੀ ਦੁਸ਼ਮਨ ਦੇ ਜਖ਼ਮੀ ਸਿਪਾਹੀਆਂ ਨੂੰ ਪਾਣੀ ਪਿਲਾ ਕੇ "ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ", ਦਾ ਸੁਨੇਹਾ ਪੂਰੀ ਖਲਕਤ ਤਕ ਪਹੁੰਚਾਉਂਦੇ ਰਹੇ ਸਨ। ਅਸਲੀ ਰੈਡ ਕਰਾਸ ਦਾ ਨੀਂਹ ਪੱਥਰ ਤਾਂ ੩੦੦ ਸਾਲ ਤੋਂ ਵਧ ਸਮਾਂ ਪਹਿਲਾਂ ਭਾਈ ਘਨਈਆ ਜੀ ਨੇ ਰੱਖਿਆ ਸੀ। ਆਪਸੀ ਭੇਦ ਭਾਵ ਖਤਮ ਕਰਨ ਲਈ, ਲੋੜਵੰਦਾ ਦੀ ਸਹਾਇਤਾ ਅਤੇ ਮਨੁੱਖਤਾ ਅੰਦਰ ਸਾਂਝ ਪੈਦਾ ਕਰਨ ਲਈ, ਗੁਰੂ ਨਾਨਕ ਸਾਹਿਬ ਸਾਹਿਬ ਨੇ ਲੰਗਰ ਦੀ ਪਰੰਪਰਾ ਆਰੰਭ ਕੀਤੀ। ਗੁਰੂ ਕਾ ਲੰਗਰ ਆਪਸੀ ਪ੍ਰੇਮ ਪਿਆਰ, ਬਰਾਬਰੀ, ਅਤੇ ਭਾਈਚਾਰਾ ਪੈਦਾ ਕਰਨ ਵਿਚ ਸਹਾਈ ਹੁੰਦਾਂ ਹੈ।

ਪੰਥ ਦੇ ਵਾਲੀ, ਕਲਗੀਧਰ ਦਸ਼ਮੇਸ਼ ਪਿਤਾ, ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼, ਪਟਨਾ ਸਹਿਬ ਵਿਖੇ 5 ਜਨਵਰੀ 1667 (ਗਰੀਗੋਰੀਅਨ), 22 ਦਸੰਬਰ 1666 (ਜੁਲੀਅਣ), 23 ਪੋਹ 198 (ਨਾਨਕਸ਼ਾਹੀ) ਨੂੰ ਮਾਤਾ ਗੁਜਰੀ ਦੀ ਕੁਖੋ ਹੋਇਆ। ਉਸ ਵੇਲੇ ਆਪ ਜੀ ਦੇ ਪਿਤਾ ਗੁਰੂ ਤੇਗ ਬਹਾਦਰ ਸਾਹਿਬ, ਢਾਕਾ ਵਿਚ ਸਨ। ਉਨ੍ਹਾਂ ਨੇ ਸੰਗਤ ਦੇ ਨਾਮ ਹੁਕਮਨਾਮਾ ਭੇਜਿਆ, ਜਿਸ ਵਿਚ ਪਰਿਵਾਰ ਦੀ ਸੰਭਾਲ, ਆਸ਼ੀਰਵਾਦ ਅਤੇ ਸਾਹਿਬਜ਼ਾਦੇ ਦਾ ਨਾਮ ਗੋਬਿੰਦ ਰੱਖਿਆ ਜਾਵੇ ਦਾ ਸੰਦੇਸ਼ ਸੀ। ਪੀਰ ਭੀਖਣ ਸ਼ਾਹ ਆਪ ਜੀ ਦੇ ਦਰਸ਼ਨ ਕਰਨ ਲਈ ਕਰਨਾਲ ਤੋਂ ਆਪਣੇ ਸ਼ਰਧਾਲੂਆਂ ਨਾਲ ਆਇਆ। ਉਹ ਇਹ ਪਰਖ ਕਰਕੇ ਬਹੁਤ ਖੁਸ਼ ਹੋਇਆ ਕਿ ਗੁਰੂ ਸਾਹਿਬ ਹਿੰਦੂਆਂ ਅਤੇ ਮੁਸਲਮਾਨਾ ਦੋਵਾਂ ਦੀ ਰੱਖਿਆ ਕਰਨਗੇ।

ਆਪ ਜੀ ਨੇ ਭੇਟ ਹੋਏ ਦੋ ਸੋਨੇ ਦੇ ਕੜਿਆ ਵਿਚੋਂ ਇਕ ਨੂੰ ਗੰਗਾ ਵਿਚ ਸੁਟ ਦਿਤਾ। ਮਾਮਾ ਕ੍ਰਿਪਾਲ ਜੀ ਨੂੰ ਦੱਸਣ ਲਈ ਦੂਸਰਾ ਵੀ ਗੰਗਾ ਵਿਚ ਸੁਟ ਕੇ, ਸਿੱਖਾਂ ਨੂੰ ਸੰਦੇਸ਼ ਦਿੱਤਾ ਕਿ ਸੋਨੇ ਦਾ ਕੜਾ ਨਹੀਂ, ਬਲਕਿ ਲੋਹੇ ਦਾ ਕੜਾ ਪਹਿਨਣਾ ਹੈ। ਉਸ ਥਾਂ ਤੇ ਹੁਣ ਗੁਰਦਵਾਰਾ ਗੋਬਿੰਦ ਘਾਟ ਹੈ। ਗੁਰੂ ਸਾਹਿਬ 1673 ਵਿਚ ਆਨੰਦਪੁਰ ਸਾਹਿਬ ਪਹੁੰਚੇ। ਇਥੇ ਆਪ ਜੀ ਨੇ ਧਾਰਮਕ, ਸ਼ਸਤਰ ਵਿਦਿਆ ਤੋਂ ਇਲਾਵਾ ਸੰਸਕ੍ਰਿਤ ਅਤੇ ਫਾਰਸੀ ਦੀ ਸਿਖਿਆ ਲਈ।

ਔਰੰਗਜ਼ੇਬ ਹਿੰਦੂਆਂ ਨੂੰ ਜਬਰਦਸਤੀ ਮੁਸਲਮਾਨ ਬਣਾ ਰਿਹਾ ਸੀ। ਆਪਣੇ ਧਰਮ ਨੂੰ ਖਤਰੇ ਵਿਚ ਪਿਆ ਵੇਖ ਕੇ ਕਸ਼ਮੀਰ ਪੰਡਤਾਂ ਨੇ ਅਮਰਨਾਥ ਵਿਚ ਸਾਂਝੀ ਮੀਟਿੰਗ ਕੀਤੀ ਤੇ ਆਪਣੀ ਰੱਖਿਆ ਲਈ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਰਨ ਵਿਚ ਅਨੰਦਪੁਰ ਸਾਹਿਬ ਵਿਖੇ ਆਏ। ਉਸ ਸਮੇਂ ਗੋਬਿੰਦ ਰਾਏ ਸਿਰਫ ਨੌਂ ਸਾਲ ਦੇ ਸਨ ਤੇ ਆਪ ਜੀ ਨੇ ਆਪਣੇ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਨੂੰ ਧਰਮ ਦੀ ਰੱਖਿਆ ਦੀ ਖਾਤਰ ਦਿੱਲੀ ਭੇਜ ਕੇ ਆਪਣੀ ਪਹਿਲੀ ਕੁਰਬਾਨੀ ਦਿਤੀ। ਦੁਨੀਆਂ ਵਿਚ ਅਜੇਹੀ ਹੋਰ ਕੋਈ ਮਿਸਾਲ ਨਹੀਂ ਮਿਲਦੀ ਕਿ ਇਕ ਪੁੱਤਰ ਨੇ ਆਪਣੇ ਪਿਤਾ ਨੂੰ ਦੂਸਰੇ ਦੇ ਧਰਮ ਦੀ ਖਾਤਰ ਕੁਰਬਾਨੀ ਲਈ ਭੇਜਿਆ ਹੋਵੇਗਾ।

ਗੁਰੂ ਸਾਹਿਬ ਨੇ ਕਦੇ ਵੀ ਕਿਸੇ ਤੇ ਹਮਲਾ ਨਹੀਂ ਕੀਤਾ ਤੇ ਨਾ ਹੀ ਕਿਸੇ ਦੀ ਜਮੀਨ ਜਾਇਦਾਦ ਤੇ ਕਬਜਾ ਕੀਤਾ। ਭੰਗਾਣੀ ਦੇ ਯੁੱਧ ਵਿਚ ਭੀਮ ਚੰਦ ਅਤੇ ਹੋਰ ਹਿੰਦੂ ਪਹਾੜੀ ਰਾਜਿਆਂ ਨੂੰ ਕਰਾਰੀ ਹਾਰ ਦਿਤੀ। ਆਪ ਜੀ ਨੇ ਆਨੰਦਪੁਰ ਸਾਹਿਬ ਵਿਚ ੪ ਕਿਲੇ ਬਣਵਾਏ।

ਗੁਰੂ ਨਾਨਕ ਸਾਹਿਬ ਨੇ ਮਨੁੱਖ ਦੀ ਘਾੜਤ ਦਾ ਕਾਰਜ ਆਰੰਭ ਕੀਤਾ ਤੇ ਬਾਕੀ ਗੁਰੂ ਸਾਹਿਬ ਉਸ ਨੂੰ ਨਿਖਾਰਦੇ ਗਏ। ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਦਾ ਪੂਰਨ ਰੂਪ ਤਿਆਰ ਕਰ ਦਿਤਾ, ਤੇ ੧੪ ਅਪਰੈਲ ੧੬੯੯ (ਗਰੀਗੋਰੀਅਨ), ੧ ਵਿਸਾਖ ੨੩੧ (ਨਾਨਕਸ਼ਾਹੀ) ਨੂੰ ਵਿਸਾਖੀ ਵਾਲੇ ਦਿਨ ਖਾਲਸਾ ਪੰਥ ਦੀ ਸਾਜਨਾਂ ਕੀਤੀ। ਪੰਜਾਂ ਪਿਆਰਿਆਂ ਨੂੰ ਖੰਡੇ ਦੀ ਪਾਹੁਲ ਦੇਣ ਤੋਂ ਬਾਅਦ ਉਨ੍ਹਾਂ ਅੱਗੇ ਆਪ ਹੱਥ ਜੋੜ ਕੇ ਖੜੇ ਹੋ ਗਏ ਤੇ ਬੇਨਤੀ ਕੀਤੀ ਕਿ ਮੈਨੂੰ ਵੀ ਪੰਥ ਵਿਚ ਸ਼ਾਮਲ ਹੋਣ ਲਈ ਖੰਡੇ ਦੀ ਪਾਹੁਲ ਦਿੱਤੀ ਜਾਵੇ। ਆਪ ਜੀ ਨੇ ਪੰਥ ਦੀ ਖਾਤਰ ਆਪਣਾ ਸਰਬੰਸ ਕੁਰਬਾਣ ਕਰਨ ਦਾ ਵਾਇਦਾ ਕੀਤਾ ਤੇ ਆਪਣੇ ਜੀਵਨ ਕਾਲ ਵਿਚ ਪੂਰੀ ਤਰ੍ਹਾਂ ਨਿਭਾਇਆ। ਇਹ ਮਿਸਾਲ ਸਿਰਫ ਸਿੱਖ ਧਰਮ ਵਿਚ ਹੀ ਮਿਲਦੀ ਹੈ, ਜਿਥੇ ਗੁਰੂ ਨੇ ਚੇਲੇ ਅੱਗੇ ਸੀਸ ਝੁਕਾਇਆ ਹੋਵੇ, "ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ"

ਆਪਣੀ ਰਚਨਾ ਵਿਚ ਖਾਲਸੇ ਦੀ ਮਹਿਮਾ ਕੀਤੀ ਤੇ ਹਰੇਕ ਸਫਲਤਾ ਦਾ ਮਾਣ ਖ਼ਾਲਸੇ ਨੂੰ ਦਿਤਾ। ਆਪਣੇ 42 ਸਾਲ ਦੇ ਜੀਵਨ ਵਿਚ ਅਨੇਕਾਂ ਕਾਰਜ ਕੀਤੇ ਤੇ ਸਿੱਖਾਂ ਨੂੰ ਆਪਣੇ ਪੈਰਾਂ ਤੇ ਆਪ ਖੜੇ ਹੋਣਾ ਸਿਖਾਇਆ। ਆਪ ਜੀ ਨੰਦੇੜ ਵਿਖੇ ਖਾਲਸਾ ਪੰਥ ਨੂੰ ਸਦੀਵੀ ਕਾਲ ਲਈ ਜੁਗੋ ਜੁਗ ਅਟੱਲ ਗੁਰੂ ਗਰੰਥ ਸਾਹਿਬ ਜੀ ਦੇ ਲੜ ਲਾ ਕੇ ਅਕਾਲ ਪੁਰਖ ਨਾਲ ਅਭੇਦ ਹੋ ਗਏ।

ਸਦੀਵੀ ਕਾਲ ਲਈ ਆਤਮਾ ਗਰੰਥ ਵਿਚ ਅਤੇ ਸਰੀਰ ਪੰਥ ਵਿਚ ਕਾਇਮ ਕੀਤਾ ਤੇ ਗੁਰ ਮਰਯਾਦਾ ਅਤੇ ਪੰਥਕ ਮਰਯਾਦਾ ਲਈ ਹੁਕਮ ਕੀਤਾ "ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ ਤੇ ਦੀਦਾਰ ਖਾਲਸੇ ਦਾ"। ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਵਿਚ ਤਿੰਨਾਂ ਗੁਣ ਪੈਦਾ ਕਰ ਦਿਤੇ:- ਸਿੱਖ ਭਗਤ ਵੀ ਹਨ, ਦਾਤੇ ਵੀ ਹਨ ਅਤੇ ਸੂਰਮੇ ਵੀ ਹਨ।

"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"

**(Dr. Sarbjit Singh) Email: sarbjitsingh@yahoo.com,**
**Web: http://www.geocities.ws/sarbjitsingh/, http://www.sikhmarg.com/article-dr-sarbjit.html**